# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162, +1 (431) 458-6922
ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ   ਸਹਿ ਸੰਪਾਦਕ: ਨਵਜੋਤ ਬਿਲਿੰਗ   ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ   ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਉੱਘੇ ਕਾਰੋਬਾਰੀ ਅਰਵਿੰਦਰ ਸਿੰਘਖੋਸਾ ਨੂੰ ਸਮਰਪਿਤ 'ਕੈਨੇਡਾ ਟੈਬਲਾਇਡ' ਦਾ ਵਿਸ਼ੇਸ਼ ਅੰਕ ਰਿਲੀਜ਼

### ਸਮਾਜਿਕ, ਰਾਜਨੀਤਿਕ ਅਤੇ ਪੱਤਰਕਾਰੀ ਨਾਲ ਸੰਬੰਧਿਤ ਉੱਘੀਆਂ ਸ਼ਖ਼ਸੀਅਤਾਂ ਨੇ ਕੀਤੀ ਸ਼ਮੂਲੀਅਤ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ



ਸਰੀ, 21 ਜਨਵਰੀ : ਪਿਛਲੇ 12 ਸਾਲਾਂ ਤੋਂ ਸਰੀ ਵਿਚ ਨਿਰੰਤਰ ਪ੍ਰਕਾਸ਼ਿਤ ਹੋ ਰਹੇ ਤ੍ਰੈਮਾਸਕ ਮੈਗਜ਼ੀਨ 'ਕੈਨੇਡਾ ਟੈਬਲਾਇਡ' ਦਾ 48ਵਾਂ ਅੰਕ ਰਿਲੀਜ਼ ਕਰਨ ਲਈ ਸ਼ਾਹੀ ਕੇਟਰਿੰਗ ਹਾਲ ਸਰੀ ਵਿਚ ਵਿਸ਼ੇਸ਼ ਸਮਾਗਮ ਕਰਵਾਇਆ ਗਿਆ ਜਿਸ ਵਿਚ ਸ਼ਹਿਰ ਦੀਆਂ ਰਾਜਸੀ, ਸਮਾਜਿਕ, ਪੱਤਰਕਾਰੀ ਨਾਲ ਸੰਬੰਧਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਸ਼ਾਮਲ ਹੋਈਆਂ। ਮੈਗਜ਼ੀਨ ਦਾ ਨਵੇਂ ਸਾਲ ਦਾ ਇਹ ਅੰਕ ਪ੍ਰਸਿੱਧ ਕਾਰੋਬਾਰੀ ਅਰਵਿੰਦਰ ਸਿੰਘ ਖੋਸਾ ਨੂੰ ਸਮਰਪਿਤ ਕੀਤਾ ਗਿਆ ਹੈ।

ਇਸ ਸਮਾਗਮ ਵਿਚ ਹਾਜਰ ਵੱਖ ਵੱਖ ਖੇਤਰਾਂ ਦੀਆਂ ਸ਼ਖ਼ਸੀਅਤਾਂ ਨੂੰ ਜੀ ਆਇਆਂ ਆਖਦਿਆਂ ਮੈਗਜ਼ੀਨ ਦੇ ਮੁੱਖ ਸੰਪਾਦਕ ਜਸਵਿੰਦਰ ਸਿੰਘ ਦਿਲਾਵਰੀ ਨੇ ਕਿਹਾ ਕਿ ਬ੍ਰਿਟਿਸ਼ ਕੋਲੰਬੀਆ ਦੇ ਉੱਘੇ ਕਾਰੋਬਾਰੀ ਅਤੇ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਅਰਵਿੰਦਰ ਸਿੰਘ ਖੋਸਾ ਵੱਲੋਂ ਸਮਾਜ ਪ੍ਰਤੀ ਲਗਾਤਾਰ ਨਿਭਾਈਆਂ ਜਾ ਰਹੀਆਂ ਪ੍ਰਸੰਸਾਯੋਗ ਸੇਵਾਵਾਂ ਦੇ ਸਨਮਾਨ ਵਜੋਂ ਇਹ ਅੰਕ ਉਨ੍ਹਾਂ ਨੂੰ ਸਮਰਪਿਤ ਕੀਤਾ ਗਿਆ ਹੈ। ਸਮਾਗਮ ਵਿਚ ਪਹੁੰਚੇ ਰਾਜਸੀ, ਧਾਰਮਿਕ ਅਤੇ ਸਮਾਜਿਕ ਖੇਤਰ ਦੇ ਆਗੂਆਂ ਨੇ ਇਸ ਅੰਕ ਲਈ ਜਸਵਿੰਦਰ ਸਿੰਘ ਦਿਲਾਵਰੀ ਅਤੇ ਅਰਵਿੰਦਰ ਸਿੰਘ ਖੋਸਾ ਨੂੰ ਮੁਬਾਰਕਬਾਦ ਦਿੱਤੀ। ਮੈਗਜ਼ੀਨ ਰਿਲੀਜ਼ ਕਰਨ ਦੀ ਰਸਮ ਅਦਾ ਕਰਦਿਆਂ ਸਰੀ ਨਿਊਟਨ ਤੋਂ ਮੈਂਬਰ ਪਾਰਲੀਮੈਂਟ ਸੁਖ ਧਾਲੀਵਾਲ ਨੇ ਜਸਵਿੰਦਰ ਸਿੰਘ ਦਿਲਾਵਰੀ ਵੱਲੋਂ ਸਮਾਜਿਕ ਸਰੋਕਾਰਾਂ ਨੂੰ ਕੇਂਦਰ ਵਿੱਚ ਰੱਖ ਕੇ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਅਤੇ ਭਾਈਚਾਰੇ ਨੂੰ ਅਜਿਹੀਆਂ ਰਚਨਾਤਮਕ ਪਹਿਲਕਦਮੀਆਂ ਨਾਲ ਜੁੜਨ ਦੀ ਅਪੀਲ ਕੀਤੀ।

ਇਸ ਮੌਕੇ ਸਰੀ ਦੀ ਮੇਅਰ ਬਰੈਂਡਾ ਲੌਕ, ਮੈਂਬਰ ਪਾਰਲੀਮੈਂਟ ਅਰਨੀ ਕਲਾਸਨ ਤੇ ਗੁਰਬਖਸ਼ ਸੈਣੀ, ਐਮ.ਐਲ.ਏ. ਬਰਾਇਨ ਟੈਪਰ, ਹਰਮਨ ਭੰਗੂ ਤੇ ਸਟੀਵ ਕੂਨਰ, ਕੌਂਸਲਰ ਲਿੰਡਾ ਐਨਸ, ਮਾਈਕਲ ਬੈਂਸ, ਮਨਦੀਪ ਨਾਗਰਾ, ਬਿਲਾਲ ਚੀਮਾ, ਮਾਈਕਲ ਸਟਾਰਚੁੱਕ, ਸਾਬਕਾ ਮੇਅਰ ਡਗ ਮਕੱਲਮ, ਡਾ. ਗੁਰਵਿੰਦਰ ਸਿੰਘ ਧਾਲੀਵਾਲ, ਸੀ.ਜੇ. ਸਿੱਧੂ, ਸੁਖਵਿੰਦਰ ਸਿੰਘ ਬਿੱਲਾ ਸੰਧੂ, ਸਰੀ ਸਕੂਲ ਬੋਰਡ ਟਰੱਸਟੀ ਗੈਰੀ ਥਿੰਦ, ਹਰਪ੍ਰੀਤ ਮਾਨਕਟਲਾ, ਡਿੰਪੀ ਵਾਲੀਆ, ਗੌਰਵ ਵਾਲੀਆ, ਅੰਮ੍ਰਿਤਪਾਲ ਢੋਟ, ਐਡਵੋਕੇਟ ਗਗਨ ਨਾਹਲ, ਕੁਲਦੀਪ ਸਿੰਘ, ਹਰਪ੍ਰੀਤ ਸਿੰਘ ਹੈਰੀ ਅਤੇ ਸਪਨੀਤ ਕੌਰ ਨੇ ਡਾ. ਜਸਵਿੰਦਰ ਦਿਲਾਵਰੀ ਤੇ ਉਹਨਾਂ ਦੀ ਟੀਮ ਨੂੰ ਮੁਬਾਰਕਬਾਦ ਦਿੱਤੀ ਅਤੇ ਡਾ. ਦਿਲਾਵਰੀ ਵੱਲੋਂ ਸਮਾਜਿਕ ਅਤੇ ਪੱਤਰਕਾਰੀ ਖੇਤਰ ਵਿੱਚ ਪਾਏ ਨਿੱਗਰ ਯੋਗਦਾਨ ਦੀ ਸਲਾਘਾ ਕੀਤੀ।

## ਕੇਂਦਰੀ ਪੰਜਾਬੀ ਲੇਖਕ ਸਭਾ ( ਸੇਖੋਂ) ਦੀ ਨਿਮੰਤਰਿਤ ਕਾਰਜਕਾਰਨੀ ਦੀ ਮੀਟਿੰਗ ਦੌਰਾਨ ਗਿਆਨੀ ਮੁਖਤਿਆਰ ਸਿੰਘ ਵੰਗੜ ਦੀ ਪੁਸਤਕ " ਏਸ਼ੀਆ ਦੀ ਧੀ ਡਾ. ਰਸ਼ੀਦ ਜਹਾਂ " ਲੋਕ ਅਰਪਣ ਕੀਤੀ ਗਈ

ਵਰਲਡ ਪੰਜਾਬੀ ਟਾਈਮਜ਼



ਫਰੀਦਕੋਟ 21 ਜਨਵਰੀ : ਕੇਂਦਰੀ ਪੰਜਾਬੀ ਲੇਖਕ ਸਭਾ ( ਸੇਖੋਂ) ਜੀ ਨਿਮੰਤਰਿਤ ਕਾਰਜਕਾਰਨੀ ਦੀ ਮੀਟਿੰਗ ਮਿਤੀ 20 ਜਨਵਰੀ 2026 ਦਿਨ ਐਤਵਾਰ ਨੂੰ ਮਾਲਵਾ ਲਿਖਾਰੀ ਸਭਾ ਸੰਗਰੂਰ ਦੇ ਸਹਿਯੋਗ ਨਾਲ ਸਾਹਿਤ ਭਵਨ ਸੰਗਰੂਰ ਵਿਖੇ ਹੋਈ ਜਿਸ ਪ੍ਰਧਾਨਗੀ ਕੇਂਦਰੀ ਪੰਜਾਬੀ ਲੇਖਕ ਸਭਾ ( ਸੇਖੋਂ) ਦੇ ਪ੍ਰਧਾਨ ਪਵਨ ਹਰਚੰਦਪੁਰੀ ਨੇ ਕੀਤੀ। ਇਸ ਸਮੇਂ ਪ੍ਰਧਾਨਗੀ ਮੰਡਲ ਵਿੱਚ ਉਨ੍ਹਾਂ ਨਾਲ ਡਾ. ਜੋਗਿੰਦਰ ਸਿੰਘ ਨਿਰਾਲਾ, ਡਾ. ਭਗਵੰਤ ਸਿੰਘ, ਕਹਾਣੀਕਾਰ ਅਤਰਜੀਤ ਕਹਾਣੀਕਾਰ ਬਠਿੰਡਾ, ਕਰਮ ਸਿੰਘ ਜਖਮੀ ਆਦਿ ਸ਼ਾਮਿਲ ਸਨ। ਜਰਨਲ ਸਕੱਤਰ ਸੰਧੂ ਵਰਿਆਣਵੀ ਨੇ ਸਟੇਜ ਦੀ ਕਾਰਵਾਈ ਸ਼ੁਰੂ ਕਰਦਿਆਂ ਮੀਟਿੰਗ ਦੇ ਏਜੰਡਿਆਂ ਦੀ ਜਾਣਕਾਰੀ ਦਿੰਦਿਆਂ ਸਭ ਨੂੰ ਜੀ ਆਇਆਂ ਆਖਿਆ ਤੇ ਆਪਣੇ ਵਿਚਾਰ ਪੇਸ਼ ਕੀਤੇ। ਮੀਟਿੰਗ ਵਿੱਚ ਸੂਬਾ ਭਰ ਵਿੱਚੋਂ ਪਹੁੰਚੇ ਅੱਧਾ ਸੈਂਕੜਾ ਲੇਖਕਾਂ ਵਿੱਚੋਂ ਦੋ ਦਰਜਨ ਲੇਖਕਾਂ ਨੇ ਭਖਵੀਂ ਬਹਿਸ ਵਿੱਚ ਹਿੱਸਾ ਲਿਆ। ਪ੍ਰਧਾਨ ਪਵਨ ਹਰਚੰਦਪੁਰੀ ਨੇ ਮੀਟਿੰਗ ਦੇ ਏਜੰਡਿਆਂ ਤੇ ਉੱਠੇ ਸਵਾਲਾਂ ਦੇ ਜਵਾਬ ਦਿੱਤੇ ਅਤੇ ਹੋਏ ਫ਼ੈਸਲਿਆਂ ਬਾਰੇ ਜਾਣਕਾਰੀ ਦਿੱਤੀ ਜਿਨ੍ਹਾਂ ਵਿੱਚ ਕੇਂਦਰੀ ਲੇਖਕ ਸਭਾ ( ਸੇਖੋਂ) ਦੀ ਚੋਣ 26 ਅਪ੍ਰੈਲ 2026 ਨੂੰ ਕਰਨ ਸਬੰਧੀ, ਅਕਾਦਮੀ ਚੋਣਾਂ ਸਬੰਧੀ ਫੈਸਲੇ ਲੈਣ ਲਈ ਪੰਜ ਮੈਂਬਰੀ ਕਮੇਟੀ ਬਣਾਉਣ ਸਬੰਧੀ, ਇੱਕੀ ਫਰਵਰੀ ਨੂੰ ਮਾਤ ਭਾਸ਼ਾ ਦਿਵਸ ਢੋਲ ਦੇ ਡੱਗੇ ਤੇ ਅਤੇ ਧੂਮਧਾਮ ਨਾਲ ਮਨਾਉਣ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਤੇ ਐਮ.ਐਲ. ਏ. ਨੂੰ ਮੰਗ ਪੱਤਰ ਦੇਣ ਸਬੰਧੀ, ਰਹਿੰਦੀਆਂ ਸਭਾਵਾਂ ਦੀ ਮੈਂਬਰਸ਼ਿਪ ਅਠਾਰਾਂ ਫਰਵਰੀ ਤੱਕ ਖੋਲ੍ਹਣ, ਸਭਾਵਾਂ ਵੱਲੋਂ ਸਹਾਇਤਾ ਫੰਡ ਇੱਕੀ ਸੌ ਰੁਪਏ ਕਰਨ , ਕਰਮ ਸਿੰਘ ਜਖਮੀ ਤੇ ਕਹਾਣੀਕਾਰ ਅਤਰਜੀਤ ਸਿੰਘ ਨੂੰ ਕੇਂਦਰੀ ਲੇਖਕ ਸਭਾ ( ਸੇਖੋਂ) ਦੀ ਕਾਰਜਕਾਰਨੀ ਕਮੇਟੀ ਦੇ ਮੈਂਬਰ ਨਿਯੁਕਤ ਕਰਨ , ਕੇਂਦਰੀ ਪੰਜਾਬੀ ਲੇਖਕ ਸਭਾ ( ਸੇਖੋਂ) ਨਾਲ ਜੁੜੀਆਂ ਨਾਟਕੀ, ਕਵੀਸ਼ਰੀ, ਢਾਡੀ ਅਤੇ ਲੋਕ ਸੰਗੀਤ ਮੰਡਲੀਆਂ ਦਾ ਸਨਮਾਨ ਕਰਨ , ਗੁਰਜਿੰਦਰ ਸਿੰਘ ਰਸੀਆ ਅਤੇ ਜੋਗਾ ਸਿੰਘ ਧਨੌਲਾ ਦਾ ਸਭਾ ਦੀਆਂ ਖਬਰਾਂ ਨੈੱਟ ਤੇ ਪਾਉਣ ਅਤੇ ਲੋਕ ਗਾਇਕ ਸੁਰਿੰਦਰ ਸਾਗਰ ਦਾ ਸਨਮਾਨ ਕਰਨਾ ਵੀ ਸ਼ਾਮਲ ਹਨ। ਪ੍ਰਧਾਨਗੀ ਮੰਡਲ ਵੱਲੋਂ ਦਰਸ਼ਨ ਰੋਮਾਣਾ, ਵਤਨਵੀਰ ਜ਼ਖਮੀ ਦੇ ਨਾਲ ਫਰੀਦਕੋਟ ਤੋਂ ਪਹੁੰਚੇ ਲੇਖਕ ਗਿਆਨੀ ਮੁਖਤਿਆਰ ਸਿੰਘ ਵੰਗੜ ਦੀ ਪੁਸਤਕ " ਏਸ਼ੀਆ ਦੀ ਧੀ ਡਾ. ਰਸ਼ੀਦ ਜਹਾਂ " ਲੋਕ ਅਰਪਣ ਕੀਤੀ ਗਈ। ਇਸ ਸਮੇ ਜਗਦੀਸ਼ ਰਾਣਾ ਦਾ ਕੈਲੰਡਰ ਸਾਲ 2026, ਅਤੇ ਲੋਕ ਪੱਖੀ ਸਿੱਖਿਆ ਨੀਤੀ 2026 ਵੀ ਲੋਕ ਅਰਪਣ ਕੀਤੇ ਗਏ। ਮੀਟਿੰਗ ਦੇ ਅੰਤ ਵਿੱਚ ਡਾ. ਜੋਗਿੰਦਰ ਸਿੰਘ ਨਿਰਾਲਾ ਵੱਲੋਂ ਆਏ ਹੋਏ ਸਾਰੇ ਲੇਖਕਾਂ ਦਾ ਧੰਨਵਾਦ ਕੀਤਾ ਗਿਆ। ਸਟੇਜ ਦੀ ਕਾਰਵਾਈ ਸੁਖਦੇਵ ਸਿੰਘ ਔਲਖ ਅਤੇ ਕਰਮ ਸਿੰਘ ਜਖਮੀ ਦੀ ਸਹਾਇਤਾ ਨਾਲ ਸੰਧੂ ਵਰਿਆਣਵੀ ਨੇ ਬਾਖੂਬੀ ਨਿਭਾਈ।

## ਪੰਜਾਬੀ ਸਾਹਿਤ ਅਕਾਡਮੀ ਬਾਰੇ ਸਾਹਿਤਕਾਰਾਂ ਵੱਲੋਂ ਵਿਚਾਰਾਂ

ਵਰਲਡ ਪੰਜਾਬੀ ਟਾਈਮਜ਼
ਗੁਰਨਾਮ ਸਿੰਘ



ਸੰਗਰੂਰ 21 ਜਨਵਰੀ : ਪੰਜਾਬੀ ਸਾਹਿਤਕਾਰਾਂ, ਚਿੰਤਕਾਂ, ਵਿਦਵਾਨਾਂ ਅਤੇ ਖੋਜਾਰਥੀਆਂ ਦੀ ਇੱਕ ਮੀਟਿੰਗ ਡਾ. ਨਰਵਿੰਦਰ ਸਿੰਘ ਕੌਸ਼ਲ ਸਾਬਕਾਂ ਡੀਨ ਅਤੇ ਪ੍ਰਧਾਨ ਸੀਨੀਅਰ ਸਿਟੀਜ਼ਨ ਵੈਲਫੇਅਰ ਐਸੋਸੀਏਸ਼ਨ ਸੰਗਰੂਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਗੁਰਨਾਮ ਸਿੰਘ, ਡਾ. ਦਵਿੰਦਰ ਕੌਰ, ਡਾ. ਭਗਵੰਤ ਸਿੰਘ, ਜਗਦੀਪ ਸਿੰਘ ਐਡਵੋਕੇਟ, ਨਿਹਾਲ ਸਿੰਘ ਮਾਨ, ਅਵਤਾਰ ਸਿੰਘ, ਚਰਨ ਸਿੰਘ, ਚਰਨਜੀਤ ਸਿੰਘ, ਸੰਦੀਪ ਸਿੰਘ, ਜੋਰਾ ਸਿੰਘ, ਅਮਰ ਗਰਗ, ਸੁਸ਼ੀਲ ਕੁਮਾਰ, ਗੁਰਮੀਤ ਸਿੰਘ, ਅਸ਼ੀਸ਼ ਕਪੂਰ ਅਨੇਕਾਂ ਬੁੱਧੀਜੀਵੀ ਹਾਜ਼ਰ ਹੋਏ। ਮੀਟਿੰਗ ਵਿੱਚ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਦਰਪੇਸ਼ ਚੁਣੌਤੀਆਂ ਅਤੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੀ ਆਗਾਮੀ ਚੋਣ ਬਾਰੇ ਗੰਭੀਰ ਚਰਚਾ ਕੀਤੀ ਗਈ। ਵਿਚਾਰਵਾਨਾਂ ਨੇ ਸਾਹਿਤ ਅਕਾਡਮੀ ਦੀ ਚੋਣ ਬਾਰੇ ਕਈ ਗੰਭੀਰ ਨੁਕਤੇ ਉਠਾਏ, ਜਿਵੇਂ ਕਿ ਅਤੀਤ ਵਿੱਚ ਹੋਈਆਂ ਚੋਣਾਂ ਦੌਰਾਨ ਵਰਤੇ ਢੰਗ ਤਰੀਕਿਆਂ ਅਤੇ ਰਵਾਇਤੀ ਭ੍ਰਿਸ਼ਟ ਰਾਜਨੀਤਿਕ ਚੋਣਾਂ ਦੇ ਢੰਗ ਤੋਂ ਹਟ ਕੇ ਨਿਰੋਲ ਸਾਹਿਤਕ ਅਤੇ ਵਿਦਿਅਕ ਪਵਿੱਤਰਤਾ ਨੂੰ ਬਰਕਰਾਰ ਰੱਖਿਆ ਜਾਵੇ। ਵਿਦਵਾਨਾਂ ਨੇ ਕਿਹਾ ਕਿ ਅਕਾਡਮੀ ਲਈ ਸੰਜੀਦਾ ਅਤੇ ਪੰਜਾਬੀਅਤ ਨੂੰ ਸਮਰਪਿਤ ਨੁਮਾਇੰਦੇ ਚੁਣੇ ਚਾਹੀਦੇ ਹਨ ਤਾਂ ਜੋ ਅਕਾਡਮੀ ਆਪਣੇ ਟੀਚਿਆਂ ਨੂੰ ਪ੍ਰਾਪਤ ਕਰ ਸਕੇ। ਅਕਾਡਮੀ ਦੇ ਸੰਵਿਧਾਨ ਅਨੁਸਾਰ ਕਾਰਜ ਹੋਣ ਅਤੇ ਸਾਰੇ ਕਾਰਜਾਂ ਦੀ ਪਾਰਦਰਸ਼ਤਾ ਬਹੁਤ ਜਰੂਰੀ ਹੈ। ਸਭ ਵਿਦਵਾਨਾਂ ਨੇ ਆਪਣੀ ਬੋਧਕਤਾ ਦਾ ਪੂਰਾ ਪਰਿਚਯ ਦਿੱਤਾ। ਇਸ ਸਮੇਂ ਡਾ. ਨਰਵਿੰਦਰ ਸਿੰਘ ਕੌਸ਼ਲ ਸਾਬਕਾ ਡੀਨ, ਡਾ. ਦਵਿੰਦਰ ਕੌਰ ਨੂੰ ਪੁਸਤਕਾਂ ਭੇਂਟ ਕਰਕੇ ਸਨਮਾਨਿਤ ਕੀਤਾ।

## ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫੋਰਨੀਆ ਵੱਲੋਂ ਗੁਰਮੀਤ ਪਲਾਹੀ ਅਤੇ ਬਲਜੀਤ ਸਿੰਘ ਨਾਲ਼ ਰੂਬਰੂ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ




ਹੇਵਰਡ (ਅਮਰੀਕਾ), 21 ਜਨਵਰੀ : ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾ) ਕੈਲੀਫੋਰਨੀਆ ਵੱਲੋਂ ਬੀਤੇ ਦਿਨੀਂ ਨਾਮਵਰ ਲੇਖਕ, ਪੱਤਰਕਾਰ ਅਤੇ ਸਮਾਜ ਸੇਵੀ ਗੁਰਮੀਤ ਪਲਾਹੀ ਅਤੇ ਦੂਰਦਰਸ਼ਨ ਜਲੰਧਰ ਦੇ ਹਰਮਨ ਪਿਆਰੇ ਪ੍ਰੋਗਰਾਮ 'ਸੰਦਲੀ ਪੈੜਾਂ' ਦੇ ਪ੍ਰਸਿੱਧ ਸੰਚਾਲਕ ਬਲਜੀਤ ਸਿੰਘ ਨਾਲ਼ ਰੂਬਰੂ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਗੁਰਮੀਤ ਪਲਾਹੀ, ਬਲਜੀਤ ਸਿੰਘ, ਕੁਲਵਿੰਦਰ, ਹਰਜਿੰਦਰ ਕੰਗ, ਅਮਰਜੀਤ ਕੌਰ ਪੰਨੂੰ ਅਤੇ ਸੁਰਿੰਦਰ ਸਿੰਘ ਧਨੋਆ ਨੇ ਕੀਤੀ। ਸਮਾਗਮ ਦੀ ਸ਼ੁਰੂਆਤ ਵਿਪਸਾ ਦੇ ਪ੍ਰਧਾਨ ਕੁਲਵਿੰਦਰ ਵੱਲੋਂ ਆਏ ਹੋਏ ਸਾਰੇ ਮਹਿਮਾਨਾਂ ਨੂੰ ਜੀ ਆਇਆਂ ਆਖਣ ਨਾਲ਼ ਹੋਈ।

ਹਰਜਿੰਦਰ ਕੰਗ ਨੇ ਗੁਰਮੀਤ ਪਲਾਹੀ ਦੀ ਬਹੁਪੱਖੀ ਸਖ਼ਸ਼ੀਅਤ ਨਾਲ਼ ਜਾਣ-ਪਛਾਣ ਕਰਵਾਉਂਦੇ ਹੋਏ ਕਿਹਾ ਕਿ ਉਹ ਸਿਰਫ਼ ਇੱਕ ਸੁਹਿਰਦ ਲੇਖਕ, ਪੱਤਰਕਾਰ, ਕਾਲਮ ਨਵੀਸ ਅਤੇ ਸਮਰਪਿਤ ਸਮਾਜ ਸੇਵਕ ਹਨ। ਉਨ੍ਹਾਂ ਦੱਸਿਆ ਕਿ ਗੁਰਮੀਤ ਪਲਾਹੀ ਦਰਜਨ ਤੋਂ ਵੱਧ ਲੇਖ ਸੰਗ੍ਰਹਿ, ਕਹਾਣੀ ਸੰਗ੍ਰਹਿ ਅਤੇ ਕਾਵਿ ਸੰਗ੍ਰਹਿ ਪੰਜਾਬੀ ਸਾਹਿਤ ਨੂੰ ਭੇਟ ਕਰ ਚੁੱਕੇ ਹਨ। ਡਾ. ਸੁਖਵਿੰਦਰ ਕੰਬੋਜ ਨੇ ਕਿਹਾ ਕਿ ਗੁਰਮੀਤ ਪਲਾਹੀ ਨੇ ਸਾਹਿਤ ਦੇ ਨਾਲ਼ ਨਾਲ਼ ਅਮਲੀ ਜੀਵਨ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਜਿਸ ਕਾਰਨ ਉਨ੍ਹਾਂ ਨੂੰ ਆਪਣੇ ਇਲਾਕੇ ਵਿੱਚ ਵਿਸ਼ੇਸ਼ ਆਦਰ ਪ੍ਰਾਪਤ ਹੈ। ਆਸ਼ਾ ਸ਼ਰਮਾ ਨੇ ਗੁਰਮੀਤ ਪਲਾਹੀ ਨਾਲ਼ ਆਪਣੇ ਨਿੱਜੀ ਰਿਸ਼ਤੇ ਦੀ ਗੱਲ ਕਰਦਿਆਂ ਕਿਹਾ ਕਿ ਇਹ ਉਨ੍ਹਾਂ ਦੀ ਖੁਸ਼ਕਿਸਮਤੀ ਹੈ ਕਿ ਉਹਨਾਂ ਵਰਗੇ ਸਿਰਜਕ ਨਾਲ਼ ਪਰਿਵਾਰਕ ਨੇੜਤਾ ਦਾ ਸਨਮਾਨ ਮਿਲਿਆ।

ਸੁਰਿੰਦਰ ਸਿੰਘ ਧਨੋਆ ਨੇ ਕਿਹਾ ਕਿ ਗੁਰਮੀਤ ਪਲਾਹੀ ਅਤੇ ਬਲਜੀਤ ਸਿੰਘ ਦੋਵਾਂ ਦੀ ਪੰਜਾਬੀ ਸਾਹਿਤ ਨੂੰ ਅਮੋਲਕ ਦੇਣ ਹੈ। ਬਲਜੀਤ ਸਿੰਘ ਬਾਰੇ ਬੁਲਾਰਿਆਂ ਨੇ ਕਿਹਾ ਕਿ ਵਿਦਿਆਰਥੀ ਜੀਵਨ ਦੌਰਾਨ ਭਗਤ ਸਿੰਘ ਦੀ ਮੜ੍ਹੀ ਉੱਤੇ ਪੜ੍ਹੀ ਗਈ ਇੱਕ ਕਵਿਤਾ ਨੇ ਉਨ੍ਹਾਂ ਦੀ ਪਹਿਚਾਣ ਦਾ ਅਧਾਰ ਰੱਖਿਆ ਅਤੇ ਉਹੀ ਕਵਿਤਾ ਉਨ੍ਹਾਂ ਦੇ ਜੀਵਨ ਦਾ ਸਿਰਨਾਵਾਂ ਬਣ ਗਈ। ਉਨ੍ਹਾਂ ਦੇ ਸ਼ੁੱਧ ਪੰਜਾਬੀ ਅਤੇ ਉਰਦੂ ਉਚਾਰਣ ਦੀ ਭਰਵੀਂ ਪ੍ਰਸ਼ੰਸਾ ਕੀਤੀ ਗਈ।

ਇਸ ਉਪਰੰਤ ਗੁਰਮੀਤ ਪਲਾਹੀ ਨੇ ਰੂਬਰੂ ਦੌਰਾਨ ਪੰਜਾਬ ਦੀ ਸਿਆਸਤ ਅਤੇ ਪੰਜਾਬੀ ਸਾਹਿਤ ਵਿੱਚ ਵਿਆਪਕ ਭ੍ਰਿਸ਼ਟਾਚਾਰ ਵਰਗੇ ਸੰਵੇਦਨਸ਼ੀਲ ਵਿਸ਼ਿਆਂ 'ਤੇ ਬੇਝਿਜਕ ਵਿਚਾਰ ਰੱਖੇ। ਉਨ੍ਹਾਂ ਕਿਹਾ ਕਿ ਸਮਾਜ ਸੇਵਾ ਉਨ੍ਹਾਂ ਨੂੰ ਵਿਰਾਸਤ ਵਿੱਚ ਮਿਲੀ ਹੈ ਅਤੇ ਉਹ ਸਾਰੀ ਉਮਰ ਪੰਜਾਬੀ ਬੋਲੀ ਦੇ ਪ੍ਰਚਾਰ ਅਤੇ ਪਸਾਰ ਲਈ ਯਤਨਸ਼ੀਲ ਰਹੇ ਹਨ ਅਤੇ ਰਹਿਣਗੇ। ਕੁਲਵਿੰਦਰ ਦੇ ਇੱਕ ਸਵਾਲ ਦੇ ਜਵਾਬ ਵਿੱਚ ਗੁਰਮੀਤ ਪਲਾਹੀ ਨੇ ਪ੍ਰਸਿੱਧ ਕਵੀ ਗੁਰਦਾਸ ਰਾਮ ਆਲਮ ਨਾਲ਼ ਜੁੜੀਆਂ ਯਾਦਾਂ ਸਾਂਝੀਆਂ ਕਰਦਿਆਂ ਦੱਸਿਆ ਕਿ ਕਿਵੇਂ ਪਿੰਡ ਦੀਆਂ ਮਾਵਾਂ ਆਪਣੀ ਚੁੰਨੀ ਦੇ ਲੜ ਵਿੱਚ ਰੁਪਏ ਬੰਨ੍ਹ ਕੇ ਕਵੀ ਦਰਬਾਰ ਦੇ ਅੰਤ ਵਿੱਚ ਆਲਮ ਨੂੰ ਇਨਾਮ ਵਜੋਂ ਭੇਟ ਕਰਦੀਆਂ ਸਨ, ਇਹ ਦ੍ਰਿਸ਼ ਸਭ ਨੂੰ ਭਾਵਕ ਕਰ ਗਿਆ।

ਬਲਜੀਤ ਸਿੰਘ ਨੇ ਆਪਣੇ ਸੰਬੋਧਨ ਵਿੱਚ ਦੱਸਿਆ ਕਿ ਉਹ ਘਰ ਵਿੱਚ ਠੇਠ ਪੰਜਾਬੀ ਬੋਲਦੇ ਹਨ ਅਤੇ ਉਨ੍ਹਾਂ ਦੇ ਸ਼ੁੱਧ ਉਚਾਰਣ ਦਾ ਮੂਲ ਕਾਰਨ ਉਰਦੂ ਭਾਸ਼ਾ 'ਤੇ ਉਨ੍ਹਾਂ ਦੀ ਮਜ਼ਬੂਤ ਪਕੜ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਬੋਲਾਂ ਵਿੱਚ ਮਿੱਠਾਸ ਸਰੋਤਿਆਂ ਵੱਲੋਂ ਮਿਲੇ ਇਮਾਨਦਾਰ ਪ੍ਰਤਿਕਰਮ ਦਾ ਨਤੀਜਾ ਹੈ। ਉਨ੍ਹਾਂ ਰੇਡੀਓ 'ਤੇ ਆਏ ਖ਼ਤਾਂ ਦੀ ਯਾਦ ਦਿਵਾਉਂਦਿਆਂ ਦੱਸਿਆ ਕਿ ਕਿਵੇਂ ਉਹ ਖ਼ਤ ਉਨ੍ਹਾਂ ਨੂੰ ਲੇਖਕ ਬਣਾਉਣ ਵਿੱਚ ਸਹਾਇਕ ਸਾਬਤ ਹੋਏ। ਉਨ੍ਹਾਂ ਇਹ ਵੀ ਦੱਸਿਆ ਕਿ ਉਹ ਦਰਜਨ ਕਿਤਾਬਾਂ ਦੇ ਰਚੇਤਾ ਹਨ ਅਤੇ ਉਨ੍ਹਾਂ ਦੀ ਪਹਿਲੀ ਕਿਤਾਬ ਵਿੱਚ ਪਾਕਿਸਤਾਨੀ ਪ੍ਰਸ਼ੰਸਕਾਂ ਵੱਲੋਂ ਭੇਜੇ ਖ਼ਤ ਸ਼ਾਮਲ ਸਨ। ਬਲਜੀਤ ਸਿੰਘ ਦੀ ਭਾਵੁਕ ਗੱਲਬਾਤ ਨੇ ਸਮੂਹ ਸਰੋਤਿਆਂ ਨੂੰ ਮੋਹ ਲਿਆ।

ਇਸ ਮੌਕੇ ਵਿਪਸਾ ਵੱਲੋਂ ਦੋਹਾਂ ਮਹਿਮਾਨ ਲੇਖਕਾਂ ਨੂੰ ਸ਼ਾਲ ਅਤੇ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਵਿਪਸਾ ਦੇ ਸਰਗਰਮ ਮੈਂਬਰ ਤਾਰਾ ਸਿੰਘ ਸਾਗਰ ਨੂੰ ਨਵੀਂ ਰਿਹਾਇਸ਼ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ ਗਈਆਂ। ਕਹਾਣੀਕਾਰ ਅਮਰਜੀਤ ਕੌਰ ਪੰਨੂੰ ਨੇ ਆਪਣੀ ਕਹਾਣੀ ਦੇ ਕੁਝ ਅੰਸ਼ ਪੇਸ਼ ਕਰਕੇ ਆਪਣਾ ਕਹਾਣੀ ਸੰਗ੍ਰਹਿ 'ਸੁੱਚਾ ਗੁਲਾਬ' ਗੁਰਮੀਤ ਪਲਾਹੀ ਨੂੰ ਭੇਟ ਕੀਤਾ, ਜਦਕਿ ਸੁਰਿੰਦਰ ਸਿੰਘ ਧਨੋਆ ਨੇ ਆਪਣੇ ਨਾਟਕ 'ਜ਼ਫ਼ਰਨਾਮਾ' ਦੀ ਕਾਪੀ ਗੁਰਮੀਤ ਪਲਾਹੀ ਅਤੇ ਬਲਜੀਤ ਸਿੰਘ ਨੂੰ ਭੇਟ ਕੀਤੀ।

ਦੂਜੇ ਸੈਸ਼ਨ ਵਿੱਚ ਹੋਏ ਕਵੀ ਦਰਬਾਰ ਦੀ ਪ੍ਰਧਾਨਗੀ ਗੁਰਮੀਤ ਪਲਾਹੀ, ਬਲਜੀਤ ਸਿੰਘ, ਸੁਰਜੀਤ ਸਖੀ, ਅਮਰ ਸੂਫ਼ੀ ਅਤੇ ਡਾ. ਸੁਖਵਿੰਦਰ ਕੰਬੋਜ ਨੇ ਕੀਤੀ। ਕਵੀ ਦਰਬਾਰ ਦਾ ਆਗਾਜ਼ ਕਰਦਿਆਂ ਸੁਖਦੇਵ ਸਹਿਲ ਨੇ ਆਪਣੇ ਆਪ ਨੂੰ ਗੁਰਮੀਤ ਪਲਾਹੀ ਦਾ ਵਿਦਿਆਰਥੀ ਹੋਣ 'ਤੇ ਮਾਣ ਮਹਿਸੂਸ ਕਰਦਿਆਂ ਆਪਣੇ ਉਸਤਾਦ ਨੂੰ ਫੁੱਲਾਂ ਦੇ ਗੁਲਦਸਤੇ ਨਾਲ਼ ਨਿਵਾਜਿਆ। ਕਵੀ ਦਰਬਾਰ ਵਿੱਚ ਅਮਰਜੀਤ ਸਿੰਘ ਜੌਹਲ, ਅਵਤਾਰ ਗੋਂਦਾਰਾ, ਸੁਖਵਿੰਦਰ ਕੰਬੋਜ, ਲਾਜ ਨੀਲਮ ਸੈਣੀ, ਤਾਰਾ ਸਿੰਘ ਸਾਗਰ, ਜਗਜੀਤ ਨੌਸ਼ਹਿਰਵੀ, ਹਰਜਿੰਦਰ ਕੰਗ, ਪੰਕਜ ਆਂਸਲ, ਅਮਰਜੀਤ ਕੌਰ ਪੰਨੂੰ, ਅਮਰ ਸੂਫ਼ੀ, ਕੁਲਵਿੰਦਰ, ਸੁਰਜੀਤ ਸਖੀ ਅਤੇ ਬਲਜੀਤ ਸਿੰਘ ਨੇ ਕਾਵਿ ਪਾਠ ਕਰਕੇ ਦਰਬਾਰ ਨੂੰ ਰੰਗ ਬਖ਼ਸ਼ਿਆ।

ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਹਰਜਿੰਦਰ ਪੰਧੇਰ, ਪ੍ਰੋ. ਸੁਖਦੇਵ ਸਿੰਘ, ਮਨਮੋਹਨ ਸ਼ਰਮਾ, ਗੁਰਜੰਟ ਸਿੰਘ, ਮਾਹਲ ਸਿੰਘ, ਰਾਜਿੰਦਰ ਸੁਲ, ਭੁਪਿੰਦਰ ਸੁਲ, ਪਰਮਪਾਲ ਸਿੰਘ, ਰਬਿੰਦਰ ਵਿਰਦੀ, ਹਰਿੰਦਰ ਪਾਲ ਕੌਰ, ਸੋਨੂੰ ਸਾਹਿਲ, ਤੁਸ਼ਾਰ ਗਰਗ, ਬਲਵਿੰਦਰ ਕੌਰ, ਅਵਤਾਰ ਸੰਧੂ, ਰਮੇਸ਼ ਬੰਗੜ, ਡਾ. ਸਤਵਿੰਦਰ, ਜਸਵਿੰਦਰ ਕੌਰ ਧਨੋਆ ਅਤੇ ਸ੍ਰੀਮਤੀ ਜਨਕ ਪਲਾਹੀ ਸਮੇਤ ਵੱਡੀ ਗਿਣਤੀ ਵਿੱਚ ਸਾਹਿਤ ਪ੍ਰੇਮੀ ਹਾਜ਼ਰ ਰਹੇ। ਸਮੁੱਚੇ ਸਮਾਗਮ ਦਾ ਮੰਚ ਸੰਚਾਲਨ ਵਿਪਸਾ ਦੇ ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ ਨੇ ਬਾਖੂਬੀ ਅਤੇ ਸੁਚੱਜੇ ਢੰਗ ਨਾਲ਼ ਨਿਭਾਇਆ।

## ਇਕ ਸਾਲ ਪੂਰਾ ਹੋਣ ਦੀ ਖੁਸ਼ੀ ਵਿਚ ਸੰਕਲਪ ਕੋਟਾ ਕਲਾਸਿਸ ਵਿਖੇ ਕਰਵਾਇਆ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 21 ਜਨਵਰੀ : ਕਲਸੀ ਕੰਪਲੈਕਸ ਨੇੜੇ ਸਦਰ ਥਾਣਾ ਕੋਟਕਪੂਰਾ ਰੋਡ ਵਿਖੇ 'ਸੰਕਲਪ ਕੋਟਾ ਕਲਾਸਿਸ' ਦੇ ਇਕ ਸਾਲ ਪੂਰਾ ਹੋਣ ਦੇ ਸ਼ੁੱਭ ਮੌਕੇ 'ਤੇ ਸ਼੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ। ਇਸ ਮੌਕੇ ਰਾਗੀ ਜੱਥੇ ਵਲੋਂ ਗੁਰਬਾਣੀ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਚਰਨਾ ਨਾਲ ਜੋੜਿਆ ਗਿਆ। ਇਸ ਸਮੇਂ ਮਾਨਯੋਗ ਸਪੀਕਰ ਕੁਲਤਾਰ ਸਿੰਘ ਸੰਧਵਾਂ, ਗੁਰਦਿੱਤ ਸਿੰਘ ਸੇਖੋਂ ਵਿਧਾਇਕ ਫਰੀਦਕੋਟ ਦੇ ਧਰਮਪਤਨੀ ਬੇਅੰਤ ਕੌਰ ਸੇਖੋਂ, ਮਨਤਾਰ ਸਿੰਘ ਬਰਾੜ ਸਾਬਕਾ ਵਿਧਾਇਕ, ਭਾਈ ਸਰਬਜੀਤ ਸਿੰਘ ਖਾਲਸਾ ਮੈਂਬਰ ਪਾਰਲੀਮੈਂਟ ਫਰੀਦਕੋਟ ਦੇ ਪੀ.ਏ. ਦਲੇਰ ਸਿੰਘ ਡੋਡ, ਵਿਸ਼ੇਸ਼ ਤੌਰ 'ਤੇ ਪੁੱਜੇ। ਆਪਣੇ ਸੰਬੋਧਨ ਦੌਰਾਨ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵਧਾਈ ਦਿੰਦਿਆਂ ਆਖਿਆ ਕਿ ਸ਼੍ਰੀ ਅਨਮੋਲ ਗੋਇਲ ਜੀ ਦੀ ਸਮੁੱਚੀ ਅਗਵਾਈ ਵਾਲੀ ਟੀਮ ਵਲੋਂ ਇੰਜੀਨੀਅਰਿੰਗ ਅਤੇ ਮੈਡੀਕਲ ਦੇ ਪੇਪਰਾਂ ਦੀ ਕੋਚਿੰਗ ਲਈ ਸੰਕਲਪ ਕੋਟਾ ਕਲਾਸਿਸ ਦੀ ਫਰੀਦਕੋਟ ਵਿਖੇ ਸ਼ੁਰੂਆਤ ਕੀਤੀ ਗਈ ਹੈ, ਹੁਣ ਪਿੰਡਾਂ ਅਤੇ ਕਸਬਿਆਂ ਦੇ ਬੱਚਿਆਂ ਨੂੰ ਕੋਚਿੰਗ ਲੈਣ ਲਈ ਦੂਰ ਸ਼ਹਿਰਾਂ ਵਿੱਚ ਜਾਣਾ ਨਹੀਂ ਪਵੇਗਾ, ਸਗੋਂ ਉਸ ਤਰ੍ਹਾਂ ਦੀ ਹੀ ਕੋਚਿੰਗ ਹੁਣ ਫਰੀਦਕੋਟ ਸ਼ਹਿਰ ਵਿਖੇ ਮਿਲੇਗੀ। ਇਸ ਸਮੇ ਸੰਕਲਪ ਕੋਟਾ ਕਲਾਸਿਸ ਦੇ ਐੱਮ.ਡੀ. ਅਨਮੋਲ ਗੋਇਲ ਸਮੇਤ ਸਮੁੱਚੇ ਪਰਿਵਾਰ ਵੱਲੋਂ ਦੂਰੋਂ ਨੇੜਿਉਂ ਆਏ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਅੰਤ ਵਿਚ ਤਿਆਰ ਕੀਤਾ ਗਿਆ ਗੁਰੂ ਕਾ ਲੰਗਰ ਸਾਰਿਆਂ ਨੇ ਰਲ ਕੇ ਛਕਿਆ।